The Government of the Hong Kong
Special Administrative Region

**ਘੋਸ਼ਣਾ**

ਨਕਦ ਭੱਤਾ ਅਜ਼ਮਾਇਸ਼ ਯੋਜਨਾ (ਯੋਜਨਾ) (ਕੈਸ਼ ਅਲਾਉਂਸ ਟਰਾਇਲ ਸਕੀਮ) ਨੂੰ ਜੂਨ 2025 ਤੱਕ ਇੱਕ ਸਾਲ ਲਈ ਵਧਾ ਦਿੱਤਾ ਗਿਆ ਹੈ। ਸਰਕਾਰ ਢੁਕਵੇਂ ਸਮੇਂ 'ਤੇ ਇਸ ਯੋਜਨਾ ਦੀ ਸਮੀਖਿਆ ਕਰੇਗੀ।

Cash Allowance Trial Scheme

# ਨਕਦ ਭੱਤਾ ਅਜ਼ਮਾਇਸ਼ ਸਕੀਮ ਦੀਆਂ ਮੁੱਖ ਵਿਸ਼ੇਸ਼ਤਾਵਾਂ

## A. ਆਧਾਰ

ਸਰਕਾਰ ਜ਼ਮੀਨੀ ਪੱਧਰ ਦੇ ਉਨ੍ਹਾਂ ਪਰਿਵਾਰਾਂ ਦੀਆਂ ਗੁਜ਼ਾਰੇ ਵਿਚ ਆ ਰਹੀਆਂ ਮੁਸ਼ਕਲਾਂ ਨੂੰ ਘੱਟ ਕਰਨ ਲਈ 2021 ਦੇ ਅੱਧ ਵਿਚ ਤਿੰਨ ਸਾਲਾ ਨਕਦ ਭੱਤਾ ਅਜ਼ਮਾਇਸ਼ ਸਕੀਮ (CATS) ਦੀ ਸ਼ੁਰੂਆਤ ਕਰਦੀ ਹੈ, ਜੋ ਲੰਬੇ ਸਮੇਂ ਤੋਂ ਜਨਤਕ ਕਿਰਾਏ ਦੀ ਰਿਹਾਇਸ਼ (PRH) ਦੀ ਉਡੀਕ ਕਰ ਰਹੇ ਹਨ। CATS ਦਾ ਪ੍ਰਬੰਧ ਹਾਊਸਿੰਗ ਵਿਭਾਗ (HD) ਦੁਆਰਾ ਕੀਤਾ ਜਾਂਦਾ ਹੈ।

## B. ਯੋਗਤਾ ਮਾਪਦੰਡ

ਯੋਗਤਾ ਦੇ ਸਾਰੇ ਮਾਪਦੰਡਾਂ ਨੂੰ ਪੂਰਾ ਕਰਨ ਵਾਲੇ ਬਿਨੈਕਾਰਾਂ ਨੂੰ ਨਕਦ ਭੱਤਾ ਦਿੱਤਾ ਜਾਵੇਗਾ। ਮੁੱਖ ਮਾਪਦੰਡ ਹੇਠ ਲਿਖੇ ਅਨੁਸਾਰ ਹਨ -



(a) ਆਮ ਬਿਨੈਕਰਤਾ (GA) ਪਰਿਵਾਰ (ਭਾਵ ਦੋ ਵਿਅਕਤੀ ਅਤੇ ਇਸ ਤੋਂ ਵੱਧ ਵਿਅਕਤੀਆਂ ਦੀਆਂ ਅਰਜੀਆਂ ਵਾਲੇ, ਅਤੇ ਨਾਲ ਹੀ ਜਿਹੜੇ ਇਕੱਲੇ ਬਜ਼ੁਰਗ ਵਿਅਕਤੀ ਤਰਜੀਹ ਯੋਜਨਾ ਅਧੀਨ ਹਨ) ਜੋ PRH ਵੰਡ ਲਈ ਆਮ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹਨ

(b) PRH ਦੀ ਵੰਡ ਲਈ ਆਪਣੀ ਬਾਕੀ ਰਹਿੰਦੀ ਉਚਿਤ ਯੋਗਤਾ ਦੇ ਨਾਲ PRH ਲਈ ਤਿੰਨ ਸਾਲਾਂ ਤੋਂ ਵੱਧ ਸਮੇਂ ਤੋਂ ਇੰਤਜ਼ਾਰ ਕਰ ਰਹੇ ਹਨ; ਅਤੇ ਅਜੇ ਤੱਕ ਪਹਿਲੀ PRH ਫਲੈਟ ਪੇਸ਼ਕਸ਼ ਨਹੀਂ ਕੀਤੀ ਗਈ ਹੈ।






(c) ਹਾਂਗ ਕਾਂਗ ਵਿਚ ਰਹਿ ਰਹੇ ਹਨ ਪਰ ਜਨਤਕ ਰਿਹਾਇਸ਼ਾਂ ਵਿਚ ਨਹੀਂ ਰਹਿ ਰਹੇ

(d) ਵਿਆਪਕ ਸਮਾਜਿਕ ਸੁਰੱਖਿਆ ਸਹਾਇਤਾ ਪ੍ਰਾਪਤ ਨਹੀਂ ਕਰ ਰਹੇ



## C. ਨਕਦ ਭੱਤੇ ਦੀ ਰਕਮ

| ਯੋਗ ਮੈਂਬਰਾਂ ਦੀ ਗਿਣਤੀ | ਮਾਸਿਕ ਨਕਦ ਭੱਤੇ ਦੀ ਰਕਮ |
|---|---|
| 1 | $1,300 |
| 2 | $2,250 |
| 3 | $2,700 |
| 4 | $3,050 |
| 5 | $3,350 |
| 6 ਜਾਂ ਵੱਧ | $3,900 |



## D. ਅਰਜ਼ੀ ਪ੍ਰਕ੍ਰਿਆਵਾਂ

- HD ਹਰ ਮਹੀਨੇ ਦੇ ਅੰਤ ਵਿਚ GA ਪਰਿਵਾਰਾਂ ਨੂੰ ਸੂਚਨਾ-ਪੱਤਰ ਜਾਰੀ ਕਰੇਗਾ ਜੋ ਅਗਲੇ ਮਹੀਨੇ ਤਕ ਤਿੰਨ ਸਾਲ ਤੋਂ ਵੱਧ ਸਮੇਂ ਲਈ PRH ਦੀ ਉਡੀਕ ਕਰ ਰਹੇ ਹਨ।
- ਯੋਗ ਪਰਿਵਾਰ ਜੋ ਨਕਦ ਭੱਤੇ ਲਈ ਅਰਜ਼ੀ ਦੇਣ ਵਿੱਚ ਰੁਚੀ ਰੱਖਦੇ ਹਨ ਉਹਨਾਂ ਨੂੰ ਜਲਦੀ ਤੋਂ ਜਲਦੀ ਲੋੜੀਂਦੇ ਦਸਤਾਵੇਜ਼ਾਂ ਦੇ ਨਾਲ ਪੂਰਾ ਬਿਨੈ-ਪੱਤਰ ਹੇਠਾਂ ਦਿੱਤੇ ਢੰਗਾਂ ਨਾਲ ਜਮ੍ਹਾਂ ਕਰਨਾ ਚਾਹੀਦਾ ਹੈ–
  - ਡਾਕ ਦੁਆਰਾ Cash Allowance Office, Housing Department, P.O. Box 209, Tsuen Wan Post Office ਤੇ ਫਾਰਮ ਭੇਜੋ; ਜਾਂ
  - ਹੇਠ ਲਿਖੀਆਂ ਥਾਵਾਂ 'ਤੇ ਹਾਉਸਿੰਗ ਵਿਭਾਗ ਦੇ ਡ੍ਰਾਪ-ਇਨ ਬਾਕਸ ਵਿਚ ਫਾਰਮ ਜਮ੍ਹਾ ਕਰੋ –
    (a) Cash Allowance Office, Housing Department, 5/F, 1 Kwai On Road, Kwai Chung, New Territories; ਜਾਂ
    (b) Hong Kong Housing Authority Customer Service Centre, 3 Wang Tau Hom South Road, Kowloon
- ਸਫਲ ਪਰਿਵਾਰਾਂ ਨੂੰ ਬੈਂਕ ਟ੍ਰਾਂਸਫਰ ਦੁਆਰਾ ਮਾਸਿਕ ਅਧਾਰ 'ਤੇ ਨਕਦ ਭੱਤਾ ਮਿਲੇਗਾ।
- ਹਰੇਕ ਮਨਜ਼ੂਰ ਅਰਜ਼ੀ ਦੀ ਨਕਦ ਭੱਤੇ ਦੀ ਗਣਨਾ ਕਰਨ ਲਈ ਸ਼ੁਰੂਆਤੀ ਮਹੀਨਾ ਉਸ ਤਾਰੀਖ ਦੁਆਰਾ ਨਿਰਧਾਰਤ ਕੀਤਾ ਜਾਵੇਗਾ ਜਿਸ ਤੇ GA ਪਰਿਵਾਰ ਨੇ ਸਾਰੇ ਯੋਗਤਾ ਮਾਪਦੰਡਾਂ ਨੂੰ ਪੂਰਾ ਕੀਤਾ ਹੈ, ਜਾਂ ਪੂਰਾ ਅਰਜ਼ੀ ਫਾਰਮ ਜਮ੍ਹਾਂ ਕਰਨ ਦੀ ਮਿਤੀ, ਜੋ ਵੀ ਬਾਅਦ ਵਿੱਚ ਹੈ, 1 ਜੁਲਾਈ 2021 ਨਕਦ ਭੱਤੇ ਦੀ ਗਣਨਾ ਕਰਨ ਲਈ ਸ਼ੁਰੂਆਤੀ ਮਿਤੀ ਹੈ। ਪੂਰਵ-ਵਿਆਪੀ ਦਾਅਵੇ ਦੀ ਇਜਾਜ਼ਤ ਨਹੀਂ ਹੈ।
- ਸਰਲ ਅਰਜ਼ੀਆਂ ਦੀ ਪ੍ਰਕਿਰਿਆ ਕਰਨ ਅਤੇ ਬਾਅਦ ਵਿਚ ਨਕਦ ਭੱਤੇ ਦੀ ਵੰਡ ਕਰਨ ਵਿਚ ਲਗਭਗ ਇੱਕ ਤੋਂ ਤਿੰਨ ਮਹੀਨਿਆਂ ਦਾ ਸਮਾਂ ਲੱਗਦਾ ਹੈ।

## E. ਮਹੱਤਵਪੂਰਨ ਸੂਚਨਾਵਾਂ

- ਨਕਦ ਭੱਤਾ ਪ੍ਰਾਪਤ ਕਰਨ ਵਾਲਿਆਂ ਲਈ, ਜੇ ਪਰਿਵਾਰਕ ਸਥਿਤੀਆਂ ਵਿੱਚ ਕੋਈ ਤਬਦੀਲੀ ਹੁੰਦੀ ਹੈ (ਉਦਾਹਰਣ ਲਈ ਅਰਜ਼ੀ ਵਿੱਚ ਪਰਿਵਾਰਕ ਮੈਂਬਰਾਂ ਨੂੰ ਸ਼ਾਮਲ ਕਰਨਾ / ਹਟਾਉਣਾ), ਤਾਂ HD ਨੂੰ ਤੁਰੰਤ ਅਪਡੇਟ ਕੀਤਾ ਜਾਣਾ ਚਾਹੀਦਾ ਹੈ। ਕਿਰਪਾ ਕਰਕੇ ਕਾਰਜ ਪ੍ਰਕ੍ਰਿਆਵਾਂ ਲਈ CATS ਦੀ ਵੈਬਸਾਈਟ ਵੇਖੋ। ਨਕਦ ਭੱਤੇ ਦੇ ਪੱਧਰ ਤਦਾਨੁਸਾਰ ਵਿਵਸਥਿਤ ਹੋ ਸਕਦੇ ਹਨ।
- ਧੋਖੇ ਨਾਲ ਨਕਦ ਭੱਤਾ ਪ੍ਰਾਪਤ ਕਰਨ ਲਈ ਝੂਠੇ ਬਿਆਨ /ਘੋਸ਼ਣਾ ਕਰਨਾ, ਝੂਠੇ ਦਸਤਾਵੇਜ਼ ਪੇਸ਼ ਕਰਨਾ ਜਾਂ ਜਾਣ-ਬੁੱਝ ਕੇ ਕੁਝ ਜਾਣਕਾਰੀ ਛੱਡ ਦੇਣਾ ਇੱਕ ਅਪਰਾਧਿਕ ਜੁਰਮ ਹੈ।
- ਜਦੋਂ ਇਹ ਤਿੰਨ ਸਾਲਾਂ ਅਜ਼ਮਾਇਸ਼ ਸਕੀਮ 2024 ਦੇ ਅੱਧ ਵਿੱਚ ਖਤਮ ਹੋ ਗਈ, ਤਾਂ ਨਕਦ ਭੱਤੇ ਦੀ ਵੰਡ ਸਭ ਲਈ ਖ਼ਤਮ ਹੋ ਜਾਵੇਗੀ।

## F. ਘੱਟ ਗਿਣਤੀਆਂ ਲਈ ਸਹਾਇਤਾ

ਜੇ ਤੁਹਾਨੂੰ CATS ਦੀਆਂ ਅਰਜ਼ੀ ਪ੍ਰਕ੍ਰਿਆਵਾਂ ਲਈ ਵਿਸ਼ੇਸ਼ ਭਾਸ਼ਾ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ ਘੱਟ ਗਿਣਤੀ ਵਸਨੀਕਾਂ ਦੀ ਏਕਤਾ ਅਤੇ ਤੱਰਕੀ ਲਈ ਕੇਂਦਰ (CHEER) ਦੀ ਟੈਲੀਫੋਨ ਵਿਆਖਿਆ ਹੌਟਲਾਈਨਾਂ ਨੂੰ ਕੱਾਲ ਕਰ ਸਕਦੇ ਹੋ:

| | | | |
|---|---|---|---|
| • ਬਹਾਸਾ ਇੰਡੋਨੇਸ਼ੀਆ | 3755 6811 | • ਤਗਾਲੋਗ | 3755 6855 |
| • ਨੇਪਾਲੀ | 3755 6822 | • ਥਾਈ | 3755 6866 |
| • ਉਰਦੂ | 3755 6833 | • ਹਿੰਦੀ | 3755 6877 |
| • ਪੰਜਾਬੀ | 3755 6844 | • ਵੀਅਤਨਾਮੀ | 3755 6888 |



| | |
|---|---|
| ਵੈਬਸਾਈਟ: | www.cashallowance.gov.hk |
| ਈਮੇਲ: | enquiry@cashallowance.gov.hk |
| ਹੌਟਲਾਈਨ: | 3105 3333 |
| ਪਤਾ: | Cash Allowance Office, Housing Department, 5/F, 1 Kwai On Road, Kwai Chung, New Territories |